ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,
ਸਿੱਖਿਆ ਵਿਭਾਗ (ਸੈ:ਸਿ:),
ਪੰਜਾਬ,ਚੰਡੀਗੜ੍ਹ ।

ਮੀਮੋ ਨੰ: 1/8/2009-2ਸਿ4/1821
ਮਿਤੀ ,ਚੰਡੀਗੜ੍ਹ : 28 4-10

ਵਿਸ਼ਾ : ਸਰਕਾਰੀ ਸਕੂਲਾਂ ਦੇ ਅਧਿਆਪਨ ਵਰਗ ਦੇ ਅਮਲੇ ਦੀ ਵਿਦੇਸ /ਵਿਸੇਸ ਜਾਂ ਲੰਬੀ ਛੁੱਟੀ ਸਬੰਧੀ ਗਾਇਡਲਾਈਨਜ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2. ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਧਿਆਪਨ ਦੇ ਅਮਲੇ ਦੇ ਅਧਿਕਾਰੀ ਅਤੇ ਕਰਮਚਾਰੀ ਵਿਦੇਸ ਛੁੱਟੀ ਅਤੇ ਵਿਸੇਸ ਛੁੱਟੀ ਤੇ ਜਾਂਦੇ ਹਨ ਅਤੇ ਸਮੇਂ ਸਮੇਂ ਸਿਰ ਛੁੱਟੀ ਵਿਚ ਵਾਧਾ ਕਰਨ ਲਈ ਬਿਨੈ ਪੱਤਰ ਭੇਜਦੇ ਰਹਿੰਦੇ ਹਨ । ਕਈ ਕੇਸਾਂ ਵਿੱਚ ਅਧਿਆਪਨ ਵਰਗ ਦੇ ਅਧਿਕਾਰੀ/ਕਰਮਚਾਰੀ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਏ ਸਾਦੀ ਅਰਜੀ ਦੇ ਕੇ ਮੰਨਜੂਰੀ ਸਬੰਧੀ ਹੁਕਮ ਹੋਣ ਤੋਂ ਪਹਿਲਾਂ ਵਿਦੇਸ ਛੁੱਟੀ ਤੇ ਚਲੇ ਜਾਂਦੇ ਹਨ । ਕਈ ਕੇਸਾਂ ਵਿੱਚ ਛੁੱਟੀ ਨਾਂ-ਮੰਨਜੂਰ ਹੋਣ ਦੇ ਬਾਵਜੂਦ ਵੀ ਵਾਪਿਸ ਪਰਤ ਕੇ ਡਿਊਟੀ ਤੇ ਹਾਜਰ ਨਹੀਂ ਹੁੰਦੇ । ਇਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ ਅਤੇ ਅਣਅਧਿਕਾਰਤ ਤੌਰ ਤੇ ਛੁੱਟੀ ਜਾਣ ਵਾਲੇ ਅਮਲੇ ਦੇ ਵਿਰੁੱਧ ਵਿਭਾਗੀ ਕਾਰਵਾਈ ਕਈ-ਕਈ ਸਾਲ ਤੱਕ ਚਲਦੀ ਰਹਿੰਦੀ ਹੈ , ਜਿਸ ਕਾਰਣ ਸਰਕਾਰ ਦਾ ਸਮਾਂ ਵੀ ਨਸ਼ਟ ਹੁੰਦਾ ਹੈ । ਇਸ ਲਈ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਅਧਿਆਪਨ ਵਰਗ ਦੇ ਅਮਲੇ ਲਈ ਵਿਦੇਸ਼ ਅਤੇ ਵਿਸ਼ੇਸ਼ ਛੁੱਟੀ ਪ੍ਰਵਾਨ ਕਰਨ ਲਈ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇ :-

(1) ਵਿਦੇਸ ਜਾਂ ਦੇਸ਼ ਵਿੱਚ ਲੰਬੀ ਛੁੱਟੀ ਪ੍ਰਵਾਨ ਕਰਵਾ ਕੇ ਜਾਣ ਵਾਲੇ ਅਧਿਆਪਨ ਵਰਗ ਦੇ ਅਮਲੇ ਦੀ ਥਾਂ ਤੇ ਸਕੂਲਾਂ ਵਿਚ ਸਰਕਾਰ ਵਲੋਂ ਸੰਚਿਤ ਮਿਹਨਤਾਨੇ ਉੱਤੇ ਮਹਿਮਾਨ ਅਧਿਆਪਕ ਵਰਗ ਦੇ ਪੈਨਲ ਵਿਚੋਂ ਅਧਿਆਪਕ ਰਖਿਆ ਜਾਵੇਗਾ ਅਤੇ ਇਸ ਦੇ ਮਿਹਨਤਾਨੇ ਦੀ ਅਦਾਇਗੀ ਵਿਸੇਸ ਗਰਾਂਟ ਦੇ ਰੂਪ ਵਿਚ ਸਰਕਾਰ ਵਲੋਂ ਕੀਤੀ ਜਾਵੇਗੀ ਜਾਂ ਸਬੰਧਤ ਸਕੂਲ ਦੇ ਪੀ.ਟੀ.ਏ ਫੰਡ ਵਿਚੋਂ ਕੀਤੀ ਜਾਵੇਗੀ । ਇਹ ਮਹਿਮਾਨ ਅਧਿਆਪਕ ਰੈਗੂਲਰ ਅਧਿਆਪਕ ਦੇ ਛੁੱਟੀ ਦੇ ਸਮੇ ਦੌਰਾਨ ਕੰਮ ਕਰੇਗਾ ।

(2) ਵਿਦੇਸ ਜਾਣ ਲਈ ਆਮ ਛੁੱਟੀ ਦੀ ਸੂਰਤ ਵਿੱਚ ਕੇਵਲ 2 ਮਹੀਨੇ ਲਈ ਛੁੱਟੀ ਅਤੇ ਦੇਸ ਦੇ ਅੰਦਰ 4 ਮਹੀਨੇ ਤੱਕ ਦੀ ਛੁੱਟੀ ਵਿੱਚ ਅਧਿਆਪਕ ਛੁੱਟੀ ਕੱਟਣ ਉਪਰੰਤ ਵਾਪਸ ਆ ਕੇ ਉਹ ਹੈਡ ਆਫਿਸ ਆਪਣੀ ਹਾਜਰੀ ਰਿਪੋਰਟ ਦੇਵੇਗਾ ਅਤੇ ਵਿਭਾਗ ਵਲੋਂ ਵਿਭਾਗੀ ਜਰੂਰਤ ਅਨੁਸਾਰ ਉਸਦੀ ਤੈਨਾਤੀ ਕੀਤੀ ਜਾਵੇਗੀ।

(3) ਵਿਦੇਸ ਛੁੱਟੀ ਜਾਣ ਲਈ ਜਾਂ 4 ਮਹੀਨੇ ਤੋ ਵੱਧ ਛੁੱਟੀ ਜਾਣ ਲਈ ਛੁੱਟੀ ਮੰਨਜੂਰ ਕਰਤਾ ਅਧਿਕਾਰੀ ਨੂੰ ਘੱਟ ਤੋ ਘੱਟ 2 ਮਹੀਨੇ ਪਹਿਲਾਂ ਬਿਨੈ-ਪੱਤਰ ਦਾਇਰ ਕੀਤਾ ਜਾਵੇਗਾ । ਇਸ ਦੇ ਨਾਲ ਅਨੁਲੱਗ-1 ਅਤੇ ਅਨੁਲੱਗ-2 ਅਨੁਸਾਰ ਅਧਿਆਪਕ ਆਪਣਾ ਹਲਫੀਆ ਬਿਆਨ ਦੇਵੇਗਾ ਜਿਸ ਵਿਚ ਉਹ ਸਪਸਟ ਤੌਰ ਤੇ ਲਿਖੇਗਾ ਕਿ ਜੇਕਰ ਉਹ ਨਿਰਧਾਰਤ ਸਮੇਂ ਅੰਦਰ ਜਾਂ ਛੁੱਟੀ ਖਤਮ ਹੋਣ ਤੇ ਆਪਣੀ ਹਾਜਰੀ ਰਿਪੋਰਟ ਨਹੀਂ ਦਿੰਦਾ ਤਾਂ ਉਸ ਦਾ ਨੌਕਰੀ ਤੋਂ ਅਸਤੀਫਾ ਸਮਝਿਆ ਜਾਵੇ ਅਤੇ ਬਣਦੇ ਬਕਾਏ ਦੇ ਦਿੱਤੇ

ਜਾਣ । ਜੇਕਰ ਅਧਿਆਪਕ ਛੁੱਟੀ ਸਮਾਪਤ ਹੋਣ ਤੋ ਬਾਅਦ ਹੋਰ ਛੁੱਟੀ ਮੰਗਦਾ ਹੈ ਜਾਂ ਕਿਸੇ ਹੋਰ ਕਾਰਣ ਡਿਊਟੀ ਤੇ ਹਾਜਰ ਨਹੀਂ ਹੁੰਦਾ ਤਾਂ ਉਸ ਵਲੋਂ ਦਿੱਤੇ ਗਏ ਹਲਫੀਆ ਬਿਆਨ ਨੂੰ ਅਸਤੀਫਾ ਸਮਝਦੇ ਹੋਏ ਮੰਨਜੂਰ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ ।

(4) ਵਿਦੇਸ ਛੁੱਟੀ ਜਾਣ ਸਮੇਂ ਅਧਿਆਪਕ ਆਪਣੀ ਨਿਯੁਕਤੀ ਦੀ ਮਿਤੀ ,ਪੋਸਟ ਤੇ ਹਾਜਰ ਹੋਣ ਦੀ ਮਿਤੀ, ਸੇਵਾ ਨਿਵਿਰਤੀ ਦੀ ਮਿਤੀ, ਵਿਦੇਸ ਛੁੱਟੀ ਦੀ ਕਿਸਮ, ਦੇਸ ਜਾਂ ਵਿਦੇਸ ਵਿਚ ਸਪੇਸਲ ਛੁੱਟੀ ਦੋਰਾਨ ਬਿਜਨਸ ਦੀ ਕਿਸਮ , ਪਾਸ ਪੋਰਟ ਦੀ ਤਸਦੀਕਸੁਦਾ ਕਾਪੀ ਪ੍ਰਤੀ ਬੇਨਤੀ ਨਾਲ ਲਗਾਏਗਾ । ਵਿਦੇਸ ਜਾਂ ਵਿਸੇਸ ਛੁੱਟੀ ਦੋਰਾਨ ਐਡਰੈਸ ਬਦਲਣ ਸਬੰਧੀ ਸੂਚਨਾ ਦੇਣ ਲਈ ਹਲਫੀਆ ਬਿਆਨ ਦਿੱਤਾ ਜਾਵੇਗਾ ।

(5) ਵਿਦੇਸ ਜਾਂ ਵਿਸੇਸ ਛੁੱਟੀ ਤੋਂ ਵਾਪਸ ਨਾਂ ਪਰਤਣ ਦੀ ਹਾਲਤ ਵਿੱਚ 20 ਸਾਲ ਦੀ ਨੋਕਰੀ ਉਪਰੰਤ ਸਵੈ-ਇੱਛਤ ਰਿਟਾਇਰਮੈਂਟ ਸਬੰਧੀ ਆਪਣਾ ਹਲਫੀਆ ਬਿਆਨ ਦਵੇਗਾ ਜੋ ਛੁੱਟੀ ਖਤਮ ਹੋਣ ਤੇ ਨੋਕਰੀ ਤੇ ਹਾਜਰ ਨਾਂ ਹੋਣ ਤੇ ਤੁਰੰਤ ਮੰਨਜੂਰ ਕਰ ਲਿਆ ਜਾਵੇਗਾ । ਵਿਦੇਸ ਜਾਣ ਸਮੇਂ ਅਤੇ ਆਉਣ ਸਮੇ ਹਵਾਈ ਜਹਾਜ ਰਾਹੀ ਕੀਤੇ ਗਏ ਸਫਰ ਦੇ ਵੇਰਵੇ, ਉਡਾਨਾਂ ਦੀਆਂ ਮਿਤੀਆਂ, ਉਡਾਨਾਂ ਦਾ ਸਮਾਂ, ਚੜ੍ਹਨ ਅਤੇ ਉਤਰਨ ਵਾਲੇ ਏਅਰਪੋਰਟਸ ਦੇ ਨਾਂ ਦੇਣੇ ਲਾਜਮੀ ਹੋਣਗੇ । ਸਬੂਤ ਵਜੋ ਹਵਾਈ ਜਹਾਜ ਦੀ ਟਿਕਟ , ਪਾਸਪੋਰਟ , ਬੋਰਡਿੰਗ ਪਾਸ ਅਤੇ ਵੀਜੇ ਵਾਲੇ ਪਾਸ ਪੋਰਟ ਦੇ ਸਫੇ ਦੀਆਂ ਤਸਦੀਕਸੁਦਾ ਕਾਪੀਆਂ ਪੇਸ ਕੀਤੀਆਂ ਜਾਣਗੀਆਂ । ਉਹ ਵਿਦੇਸ ਜਾਣ ਤੋ ਪਹਿਲਾਂ ਆਪਣੇ ਸਾਰੇ ਚਾਰਜ ਹੈਂਡਓਵਰ ਕਰਕੇ ਜਾਵੇਗਾ , ਜਿਸ ਸਬੰਧੀ ਤਸਦੀਕਸੁਦਾ ਸਰਟੀਫੀਕੇਟ ਬਿਨੈ ਪੱਤਰ ਨਾਲ ਲਗਾਇਆ ਜਾਵੇਗਾ ।

(6) ਸਬੰਧਤ ਅਧਿਆਪਕ ਆਪਣੇ ਵਿਰੁੱਧ ਵਿਭਾਗੀ ਕਾਰਵਾਈ, ਚੋਕਸੀ ਪੜਤਾਲ, ਕਰਿਮੀਨਲ ਕੇਸ, ਕੋਰਟ ਕੇਸ ਜੇਕਰ ਕੋਈ ਹੋਵੇ , ਬਾਰੇ ਲਿਖਤੀ ਬਿਆਨ ਦੇਵੇਗਾ ।

(7) ਸਰਕਾਰੀ ਜਾਂ ਪ੍ਰਾਈਵੇਟ ਕਰਜਾ, ਜੇਕਰ ਕੋਈ ਹੋਵੇ, ਬਾਰੇ ਅਤੇ ਇਸਨੂੰ ਸੋਧਨ ਦੀ ਵਿਧੀ ਬਾਰੇ ਹਲਫੀਆ ਬਿਆਨ ਦੇਵੇਗਾ ।

3. ਡੀ.ਪੀ.ਆਈ, ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰ ਉਪਰੋਕਤ ਗਾਈਡਲਾਈਨਜ ਦੀ ਇਨ-ਬਿਨ ਪਾਲਣਾ ਨੂੰ ਯਕੀਨੀ ਬਨਾਉਣਗੇ । ਕੋਈ ਵੀ ਅਧਿਆਪਨ ਵਰਗ ਦਾ ਅਮਲਾ ਕਿਸੇ ਵੀ ਹਾਲਤ ਵਿੱਚ ਬਿਨਾਂ ਛੁੱਟੀ ਮੰਨਜੂਰ ਕਰਵਾਏ ਵਿਦੇਸ ਨਹੀ ਜਾ ਸਕਦਾ । ਜੇਕਰ ਅਜਿਹਾ ਕੋਈ ਕੇਸ ਉਹਨਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਸਦੇ ਵਿਰੁੱਧ ਤੁਰੰਤ ਅਨੁਸਾਸਨੀ ਕਾਰਵਾਈ ਅਰੰਭ ਕੀਤੀ ਜਾਵੇਗੀ ਅਤੇ ਅਨੁਸਾਸਨੀ ਕਾਰਵਾਈ ਨੂੰ ਨਿਰਧਾਰਤ ਸਮੇ ਵਿਚ ਮੁਕੰਮਲ ਕਰਕੇ ਫੈਸਲਾ ਲਿਆ ਜਾਵੇਗਾ। ਇਸ ਸਬੰਧੀ ਵਿਸਥਾਰਪੂਰਵਕ ਤੱਥ ਦੱਸਦੇ ਹੋਏ ਤਜਵੀਜ ਨੱਥੀ ਚੈਕ ਲਿਸਟ ਅਨੁਸਾਰ ਸਮਰੱਥ ਅਧਿਕਾਰੀ ਨੂੰ ਭੇਜੀ ਜਾਵੇ । ਇਹ ਗਾਈਡਲਾਈਨਜ ਪਾਲਣਾ ਹਿੱਤ ਸਾਰੇ ਅਧਿਕਾਰੀਆਂ ਅਤੇ ਸਕੂਲਾਂ ਦੇ ਮੁੱਖੀਆਂ ਨੂੰ ਭੇਜ ਕੇ ਸਮੂਹ ਅਧਿਆਪਕ ਵਰਗ ਦੇ ਅਮਲੇ ਦੇ ਇਨ ਬਿਨ ਪਾਲਣਾ ਲਈ ਧਿਆਨ ਵਿਚ ਲਿਆ ਦਿੱਤੀਆਂ ਜਾਣ ।

ਵਿਸੇਸ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: 1/8/2009-2ਸਿ4/ 822-23

ਮਿਤੀ,ਚੰਡੀਗੜ੍ਹ: 28-4-10

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਮੰਡਲ ਸਿੱਖਿਆ ਅਫਸਰ,ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),ਪੰਜਾਬ।

ਵਿਸੇਸ ਸਕੱਤਰ ਸਕੂਲ ਸਿੱਖਿਆ

ਅਧਿਆਪਕ ਵਰਗ ਦੇ ਅਮਲੇ ਦੀ ਵਿਦੇਸ਼ ਛੁੱਟੀ ਜਾਂ ਲੰਬੀ ਛੁੱਟੀ ਤੇ ਜਾਣ ਸਬੰਧੀ ਚੈੱਕ ਲਿਸਟ

1. ਅਧਿਆਪਕ ਦਾ ਨਾਂ ਅਤੇ ਅਹੁਦਾ
2. ਮੌਜੂਦਾ ਤੈਨਾਤੀ ਦਾ ਸਥਾਨ ਅਤੇ ਪੂਰਾ ਪਤਾ
3. ਨਿਯੁਕਤੀ ਦੀ ਮਿਤੀ
4. ਇਸ ਪੋਸਟ ਤੇ ਹਾਜ਼ਰ ਹੋਣ ਦੀ ਮਿਤੀ
5. ਸੇਵਾ ਨਿਵਿਰਤੀ ਦੀ ਮਿਤੀ
6. ਅਨੁਸ਼ਾਸਨੀ ਕਾਰਵਾਈ ਜਾਂ ਕੋਰਟ ਕੇਸ,ਪੁਲਿਸ/ਵਿਜੀਲੈਂਸ ਕੇਸ ਜਾਂ ਕਿਸੇ ਅਦਾਲਤ ਵਿੱਚ ਲੰਬਿਤ ਕੇਸਾਂ ਦੀ ਸਥਿਤੀ
7. ਮੌਜੂਦਾ ਪਤਾ
8. ਸਥਾਈ ਪਤਾ
9. ਨੇੜੇ ਦਾ ਪੁਲਿਸ ਸਟੇਸ਼ਨ
10. ਜਨਮ ਮਿਤੀ ਅਤੇ ਸਥਾਨ
11. ਛੁੱਟੀ ਦੀ ਕਿਸਮ ਨਿਯਮਾਂ/ਹਦਾਇਤਾਂ ਜਿਨ੍ਹਾਂ ਅਧੀਨ ਇਹ ਛੁੱਟੀ ਮੰਗੀ ਗਈ
    ਮੰਗੀ ਗਈ ਛੁੱਟੀ ਮਿਤੀ ..................ਤੋਂ ....................ਤੱਕ
12. ਜਿਸ ਮੰਤਵ ਲਈ ਛੁੱਟੀ ਮੰਗੀ ਗਈ
13. ਵਿਦੇਸ਼ੀ ਛੁੱਟੀ ਦੀ ਕਿਸਮ ਅਤੇ ਪਤਾ
14. ਦੇਸ ਜਾਂ ਵਿਦੇਸ ਵਿੱਚ ਬਿਜਨਸ ਦੀ ਕਿਸਮ
15. ਪਾਸਪੋਰਟ ਦਾ ਨੰਬਰ ਅਤੇ ਮਿਤੀ
16. ਪਾਸਪੋਰਟ ਜਾਰੀ ਕਰਤਾ ਅਧਿਕਾਰੀ ਦਾ ਨਾਂ ਅਤੇ ਪਤਾ
17. ਪਾਸਪੋਰਟ ਦੀ ਮਿਆਦ
18. ਪਾਸਪੋਰਟ ਦੀ ਤਸਦੀਕਸ਼ੁਦਾ ਕਾਪੀ
19. ਐਡਰੈਸ ਬਦਲਣ ਤੇ ਸੂਚਨਾ ਭੇਜਣ ਲਈ ਹਲਫੀਆ ਬਿਆਨ
20. ਛੁੱਟੀ ਖਤਮ ਹੋਣ ਤੇ ਵਾਪਸ ਹਾਜ਼ਰ ਨਾਂ ਹੋਣ ਤੇ ਅਸਤੀਫਾ ਫਾਰਮ
21. ਕਰਜ਼ਾ ਜੇਕਰ ਕੋਈ ਹੋਵੇ
22. ਕਰਜ਼ਾ ਵਾਪਿਸ ਕਰਨ ਦੀ ਵਿਧੀ ਅਤੇ ਇਸ ਸਬੰਧੀ ਸਰਕਾਰੀ ਕਰਮਚਾਰੀ ਵਲੋਂ ਜ਼ਾਮਨੀ (ਸੁਅਰਟੀ)
23. 20 ਸਾਲ ਦੀ ਨੌਕਰੀ ਉਪਰੰਤ ਸਵੈ-ਇੱਛਤ ਰਿਟਾਇਰਮੈਂਟ ਸਬੰਧੀ ਫਾਰਮ
24. ਛੁੱਟੀ ਮੰਨਜੂਰ ਕਰਨ ਸਮੇਂ ਕੰਟਰੈਕਟ ਤੇ ਰੱਖੇ ਅਧਿਆਪਕ ਦਾ ਨਾਂ , ਵਿਸ਼ਾ ਅਤੇ ਪਤਾ
25. ਜਿਸ ਮਿਤੀ ਤੋ ..................ਮਿਤੀ......................ਤੱਕ ਛੁੱਟੀ ਮੰਨਜੂਰ ਕੀਤੀ ਜਾਣੀ ਹੈ
26. ਵਿਦੇਸ ਜਾਣ ਤੋ ਪਹਿਲਾਂ ਆਪਦਾ ਸਾਰਾ ਚਾਰਜ ਹੈਂਡ ਓਵਰ ਕਰਨ ਸਬੰਧੀ ਸਰਟੀਫੀਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤੀ ਗਈ ਸੂਚਨਾਂ ਅਤੇ ਦਸਤਾਵੇਜ਼ ਰਿਕਾਰਡ ਅਨੁਸਾਰ ਚੈੱਕ ਕੀਤੇ ਅਤੇ ਦਰੁਸਤ ਪਾਏ ਗਏ ।

ਪ੍ਰਿੰਸੀਪਲ ਦਾ ਨਾਂ

ਸਕੂਲ ਦਾ ਨਾਂ ਅਤੇ ਮੁਕੰਮਲ ਪਤਾ

# ਹਲਫੀਆ ਬਿਆਨ/ਅੰਡਰਟੇਕਿੰਗ

ਮੈਂ -------- ਪੁੱਤਰ/ਪੁੱਤਰੀ------------ ਅਹੁੱਦਾ-------- ਸਕੂਲ---------ਵਾਸੀ———— ਮਕਾਨ ਨੰ:---------ਹੇਠ ਲਿਖੇ ਅਨੁਸਾਰ ਬਿਆਨ ਕਰਦਾ/ਕਰਦੀ ਹਾਂ:-

1. ਕਿ ਮੈਂ ਬਤੌਰ ਪ੍ਰਿੰਸੀਪਲ/ਲੈਕਚਰਾਰ ਮਿਤੀ-------- ਤੋਂ ਕੰਮ ਰਿਹਾ/ਰਹੀ ਹਾਂ ਅਤੇ ਇਸ ਸਮੇਂ ------------ ਵਿਚ ਕੰਮ ਰਿਹਾ/ਰਹੀ ਹਾਂ ਅਤੇ ਮੇਰੀ ਸੇਵਾ ਨਵਿਰਤੀ ਦੀ ਮਿਤੀ----------- ਹੈ।
2. ਕਿ ਮੈਂ ਮਿਤੀ---------ਤੋਂ----------ਤੱਕ ਵਿਦੇਸੀ ਛੁੱਟੀ ਲਈ ਪ੍ਰਤੀਬੇਨਤੀ ਦਿੱਤੀ ਹੈ। ਜਿਸ ਦੌਰਾਨ ਮੈਂ ਵਿਦੇਸ ਵਿਚ ਹੇਠ ਲਿਖੇ ਪਤੇ ਤੇ ਰਹਾਂਗਾ/ਰਹਾਂਗੀ। ਜੇਕਰ ਇਸ ਪਤੇ ਵਿਚ ਕੋਈ ਤਬਦੀਲੀ ਆਉਂਦੀ ਹੈ ਤਾਂ ਸਮੇਂ ਸਿਰ ਸਰਕਾਰ ਨੂੰ ਸੂਚਿਤ ਕਰਾਂਗਾ/ਕਰਾਂਗੀ।
3. ਕਿ ਮੈਂ ਮੰਨਜੂਰ ਕੀਤੀ ਗਈ ਛੁੱਟੀ ਦੇ ਖਤਮ ਹੋਣ ਤੇ ਆਪਣੀ ਡਿਊਟੀ ਤੇ ਹਾਜਰ ਹੋਵਾਂਗਾ/ਹੋਵਾਂਗੀ। ਜੇਕਰ ਮੈਂ ਇਸ ਮਿਤੀ ਨੂੰ ਡਿਊਟੀ ਤੇ ਹਾਜਰ ਨਹੀਂ ਹੁੰਦਾ/ਹੁੰਦੀ ਤਾਂ ਮੇਰਾ ਇਸ ਸਰਕਾਰੀ ਨੌਕਰੀ ਤੋਂ ਛੁੱਟੀ ਖਤਮ ਹੋਣ ਦੀ ਮਿਤੀ ਤੋਂ ਅਸਤੀਫਾ ਸਮਝਿਆ ਜਾਵੇ ਅਤੇ ਨਿਯਮਾਂ ਅਨੁਸਾਰ ਮੇਰੇ ਬਣਦੇ ਬਕਾਏ ਦੇ ਦਿੱਤੇ ਜਾਣ।
4. ਕਿ ਮੈਂ ਅਸਤੀਫਾ ਪ੍ਰਵਾਨਗੀ ਉਪਰੰਤ ਕੋਈ ਕਲੇਮ ਨਹੀਂ ਕਰਾਂਗਾ/ਕਰਾਂਗੀ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦਾ ਕੋਈ ਕਾਨੂੰਨੀ ਸਹਾਰਾ ਲਵਾਂਗਾ/ਲਵਾਂਗੀ।

ਮਿਤੀ

ਬਿਆਨਕਰਤਾ

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਪੈਰਾ ਨੰ: 1 ਤੋਂ 4 ਵਿਚ ਦੱਸੇ ਤੱਥ ਦਰੁੱਸਤ ਹਨ੍ਹ ਜੋ ਮੈਂ ਆਪਣੀ ਪੂਰੀ ਸੁੱਧ -ਬੁੱਧ ਨਾਲ ਲਿਖੇ ਹਨ।

ਮਿਤੀ

ਬਿਆਨਕਰਤਾ

# ਹਲਫੀਆ ਬਿਆਨ/ਅੰਡਰਟੇਕਿੰਗ

ਮੈਂ ਪੁੱਤਰ/ਪੁੱਤਰੀ ਆਹੁੱਦਾ ਸਕੂਲ ਵਾਸੀ ਮਕਾਨ ਨੰ: ਹੇਠ ਲਿਖੇ ਅਨੁਸਾਰ ਬਿਆਨ ਕਰਦਾ/ਕਰਦੀ ਹਾਂ:-

1. ਕਿ ਮੈਂ ਬਤੌਰ ਪ੍ਰਿੰਸੀਪਲ/ਲੈਕਚਰਾਰ ਮਿਤੀ ਤੋਂ ਸਕੂਲ ਵਿਚ ਕੰਮ ਰਿਹਾ/ਰਹੀ ਹਾਂ ਅਤੇ ਮੇਰੀ ਸੇਵਾ ਨਿਵਿਰਤੀ ਦੀ ਮਿਤੀ ਹੈ। ਮੈਂ ਮਿਤੀ ਤੋਂ ਵਿਸ਼ੇਸ/ਵਿਦੇਸ਼ ਛੁੱਟੀ ਤੇ ਜਾ ਰਿਹਾ/ਰਹੀ ਹਾਂ। ਮੈਂ ਬਿਆਨ ਕਰਦੀ ਹਾਂ ਕਿ ਛੁੱਟੀ ਖਤਮ ਹੋਣ ਦੀ ਮਿਤੀ ਤੋਂ ਮੈਂ ਆਪਣੀ ਡਿਊਟੀ ਤੇ ਤੁਰੰਤ ਹਾਜਰ ਹੋਵਾਂਗਾ/ਹੋਵਾਂਗੀ। ਜੇਕਰ ਮੈਂ ਆਪਣੀ ਡਿਊਟੀ ਤੇ ਨਿਸਚਿਤ ਮਿਤੀ ਨੂੰ ਹਾਜਰ ਨਹੀਂ ਹੁੰਦਾ/ਹੁੰਦੀ ਤਾਂ ਮੈਨੂੰ ਸਰਕਾਰੀ ਨੌਕਰੀ ਦਾ 20 ਸਾਲ ਦੀ ਸੇਵਾ ਦਾ ਲਾਭ ਦਿੰਦੇ ਹੋਏ ਸਰਕਾਰੀ ਨੌਕਰੀ ਤੋਂ ਰਿਟਾਇਰ ਕਰ ਦਿੱਤਾ ਜਾਵੇ। ਇਸ ਸਬੰਧੀ ਮੈਂ ਕੋਈ ਵੀ ਕਲੇਮ ਨਹੀਂ ਕਰਾਂਗਾ/ਕਰਾਂਗੀ ਅਤੇ ਨਾ ਹੀ ਕੋਈ ਕਾਨੂੰਨੀ ਸਹਾਰਾ ਲਵਾਂਗਾ/ਲਵਾਂਗੀ।

ਮਿਤੀ

ਬਿਆਨਕਰਤਾ

ਦਸਤਖਤ
ਨਾਮ
ਆਹੁਦਾ
ਪਤਾ
ਟੈਲੀਫੋਨ ਨੰ: